49

282

ਪੰਜਾਬ ਸਰਕਾਰ

ਚੌਕਸੀ ਵਿਭਾਗ

(ਬਜ਼ਟ ਅਤੇ ਅਮਲਾ ਸ਼ਾਖਾ)

ਵਿਸ਼ਾ:- ਵਿਜੀਲੈਂਸ ਕਲੀਅਰੈਂਸ ਸਰਟੀਫਿਕੇਟ ਦੇ ਸਬੰਧ ਵਿੱਚ।

ਸਮੂਹ ਵਿਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਚੌਕਸੀ ਵਿਭਾਗ ਦੇ ਪੱਤਰ ਮਿਤੀ 5.9.2012 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਸਨਮੁੱਖ ਗਰੁੱਪ ਏ ਅਤੇ ਬੀ. ਦੇ ਉਨ੍ਹਾਂ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਦੇ ਪੈਨਸ਼ਨ/ਵਿਜੀਲੈਂਸ ਸਫਾਈ. ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਪ੍ਰਬੰਧਕੀ ਵਿਭਾਗਾਂ ਨੂੰ ਦਿੱਤੇ ਗਏ ਸਨ, ਜਿੰਨ੍ਹਾਂ ਕੋਲ ਡੀ.ਡੀ.ਓ. ਪਾਵਰਾਂ ਹਨ। ਹੁਣ ਸਮੂਹ ਵਿਭਾਗਾਂ ਨੂੰ ਸਾਰੇ ਅਧਿਕਾਰੀਆਂ/ਕਰਮਚਾਰੀਆਂ ਦੇ ਪੈਨਸ਼ਨ /ਵਿਜੀਲੈਂਸ ਸਫਾਈ ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਦਿੱਤੇ ਜਾਂਦੇ ਹਨ।

3. ਮੁੱਖ ਵਿਜੀਲੈਂਸ ਅਫਸਰ ਨਿਯੁਕਤ ਕਰਨ ਦੇ ਸਬੰਧ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਇਕ ਵਿਭਾਗ ਵਿੱਚ ਇਕ ਹੀ ਮੁੱਖ ਵਿਜੀਲੈਂਸ ਅਫਸਰ ਹੋਵੇਗਾ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਅਧੀਨ ਆਉਂਦੇ ਵੱਖ-ਵੱਖ ਅਦਾਰਿਆਂ ਦਾ ਇਕ ਮੁੱਖ ਵਿਜੀਲੈਂਸ ਅਫਸਰ ਅਹੁਦੇ ਅਨੁਸਾਰ ਨਿਯੁਕਤ ਕਰਦੇ ਹੋਏ ਮੌਜੂਦਾ ਮੁੱਖ ਵਿਜੀਲੈਂਸ ਅਫਸਰ ਦਾ ਨਾਮ, ਅਹੁਦਾ, ਪੂਰਾ ਪਤਾ ਅਤੇ ਮੋਬਾਇਲ ਨੰਬਰ ਸਹਿਤ ਚੌਕਸੀ ਵਿਭਾਗ ਨੂੰ ਮਿਤੀ 24.1.2013 ਤੱਕ ਸੂਚਿਤ ਕੀਤਾ ਜਾਵੇ ਅਤੇ ਇਹ ਸੂਚਨਾ ਵਿਜੀਲੈਂਸ ਬਿਊਰੋ ਨੂੰ ਵੀ ਭੇਜੀ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯੁਕਤੀ ਕਿਸੇ ਅਧਿਕਾਰੀ ਦੇ ਨਾਮ ਤੇ ਨਹੀਂ ਸਗੋਂ ਅਹੁਦੇ ਤੇ ਅਧਾਰਤ ਹੋਵੇਗੀ।

4. ਜੇਕਰ ਇਸ ਸਬੰਧੀ ਆਪ ਨੂੰ ਕਿਸੇ ਮੱਦਦ ਦੀ ਜ਼ਰੂਰਤ ਹੋਵੇ ਤਾਂ ਸੰਯੁਕਤ ਡਾਇਰੈਕਟਰ, ਐਡਮਨ, ਚੌਕਸੀ ਬਿਊਰੋ ਨਾਲ ਫੋਨ ਨੰ: 2702201 ਤੇ ਸੰਪਰਕ ਕੀਤਾ ਜਾਵੇ।

(ਦਸਤਖਤ)

ਅਧੀਨ ਸਕੱਤਰ ਚੌਕਸੀ

ਸੇਵਾ ਵਿਖੇ

ਸਮੂਹ ਵਿਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।

ਅੰ. ਵਿ. ਪ.ਨੰ: 19/6/2002-3ਬਅ/ 937 ਮਿਤੀ,ਚੰਡੀਗੜ੍ਹ: 23-1-2013

ਪਿ.ਅੰ. ਨੰ: 19/6/2002-3ਬਅ/ 938 ਮਿਤੀ,ਚੰਡੀਗੜ੍ਹ: 23-1-2013

ਉਤਾਰਾ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ,ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

(ਦਸਤਖਤ)

ਅਧੀਨ ਸਕੱਤਰ ਚੌਕਸੀ